# ਮੋਮ ਦੇ ਬੱਚੇ

Southern African Folktale

Wiehan de Jager

Anu Gill

2

ਪੰਜਾਬੀ pa

ਇੱਕ ਸਮੇਂ ਦੀ ਗੱਲ ਹੈ, ਇੱਕ ਖੁਸ਼ ਪਰਿਵਾਰ ਰਹਿੰਦਾ ਸੀ।

ਉਹ ਇਕ-ਦੂਜੇ ਨਾਲ ਕਦੇ ਨਹੀਂ ਸੀ ਲੜ੍ਹਦੇ। ਉਹ ਘਰ ਅਤੇ ਖੇਤਾਂ ਵਿੱਚ ਆਪਣੇ ਮਾਤਾ-ਪਿਤਾ ਦੀ ਮਦਦ ਕਰਦੇ ਸਨ।

ਪਰ ਉਹਨਾਂ ਨੂੰ ਅੱਗ ਦੇ ਨੇੜੇ ਜਾਣ ਦੀ ਇਜਾਜ਼ਤ ਨਹੀਂ ਸੀ।

ਉਹ ਰਾਤ ਨੂੰ ਆਪਣੇ ਸਾਰੇ ਕੰਮ ਕਰਦੇ ਸਨ। ਕਿਉਂਕਿ ਉਹ ਮੋਮ ਦੇ ਬਣੇ ਹੋਏ ਸਨ!

ਪਰ ਇੱਕ ਮੁੰਡਾ ਬਾਹਰ ਧੁੱਪ ਵਿੱਚ ਜਾਣ ਦੀ ਤਮੰਨਾ ਰੱਖਦਾ ਸੀ।

ਇੱਕ ਦਿਨ ਉਸਦੀ ਤਮੰਨਾ ਬਹੁਤ ਵਧ ਗਈ। ਉਸ ਦੇ ਭਰਾਵਾਂ ਨੇ ਉਸ ਨੂੰ ਚੇਤਾਵਨੀ ਦਿੱਤੀ...

ਪਰ ਬਹੁਤ ਦੇਰ ਹੋ ਗਈ ਸੀ! ਉਹ ਸੂਰਜ ਦੀ ਗਰਮੀ ਵਿੱਚ ਪਿਘਲ ਗਿਆ।

ਮੋਮ ਦੇ ਬੱਚੇ ਆਪਣੇ ਭਰਾ ਨੂੰ ਪਿਘਲਦੇ ਹੋਏ ਵੇਖ ਕੇ ਬਹੁਤ ਉਦਾਸ ਸਨ।

ਪਰ ਉਹਨਾਂ ਨੇ ਇੱਕ ਯੋਜ਼ਨਾ ਬਣਾਈ। ਉਹਨਾਂ ਨੇ ਪਿਘਲੀ ਮੋਮ ਦੇ ਢੇਰ ਨੂੰ ਪੰਛੀ ਦੇ ਰੂਪ ਵਿੱਚ ਘੜ੍ਹਿਆ।

ਉਹ ਆਪਣੇ ਪੰਛੀ ਭਰਾ ਨੂੰ ਇੱਕ ਉੱਚੇ ਪਹਾੜ ਉਪਰ ਲੈ ਗਏ।

ਅਤੇ ਜਦੋਂ ਹੀ ਸੂਰਜ ਚੜ੍ਹਿਆ, ਉਹ ਸਵੇਰ ਦੇ ਚਾਨਣ ਵਿੱਚ ਗਾਉਂਦਾ ਉਡ ਗਿਆ।

# Global Storybooks

globalstorybooks.net

## ਮੋਮ ਦੇ ਬੱਚੇ


Southern African Folktale

Wiehan de Jager

Anu Gill


CC BY